Baani MILK PRODUCER COMPANY

# ਬਾਣੀ ਮਿਲਕ ਪ੍ਰੋਡਿਊਸਰ ਕੰਪਨੀ ਲਿਮਟਿਡ

**(CIN : U01403PB2014PTC038826)**

**ਰਜਿ. ਆਫਿਸ : ਐਸ.ਸੀ.ਓ. ਨੰ. 37 ਤੇ 38, ਅਰਬਨ ਅਸਟੇਟ, ਫੇਜ਼–2, ਰਾਜਪੁਰਾ ਰੋਡ, ਪਟਿਆਲਾ – 147002**

**ਟੈਲੀਫੋਨ –0175–5000735, ਈ–ਮੇਲ:** info@baanimilk.com, **ਵੈਬਸਾਈਟ:** www.baanimilk.com

Ref. No.: Baani/CS/NC/2024

## ਬੋਰਡ ਦੇ ਡਾਇਰੈਕਟਰਾਂ ਦੀ ਨਾਮਜ਼ਦਗੀ ਦਾ ਸੱਦਾ ਦੇਣ ਲਈ ਸੂਚਨਾ ਪੱਤਰ

ਹੇਠ ਲਿਖੇ ਅਨੁਸਾਰ ਕੰਪਨੀ ਦੀ ਅਗਲੀ 11ਵੀਂ ਸਲਾਨਾ ਆਮ ਸਭਾ ਵਿੱਚ ਬਾਣੀ ਮਿਲਕ ਪ੍ਰੋਡਿਊਸਰ ਕੰਪਨੀ ਲਿਮਟਿਡ (ਕੰਪਨੀ) ਦੇ ਬੋਰਡ ਵਿੱਚ ਡਾਇਰੈਕਟਰਾਂ ਦੇ ਖਾਲੀ ਹੋਏ ਪੱਦ ਨੂੰ ਭਰਨ ਲਈ ਨਾਮਜ਼ਦਗੀ ਕਮੇਟੀ ਦੁਆਰਾ ਵਿਚਾਰ ਕਰਨ ਲਈ ਕੰਪਨੀ ਦੇ ਯੋਗ ਮੈਂਬਰਾਂ ਨੂੰ ਨਾਮਜ਼ਦਗੀ ਲਈ ਸੱਦਾ ਦੇਣ ਲਈ ਸੂਚਨਾ ਪੱਤਰ ਦਿੱਤਾ ਜਾਂਦਾ ਹੈ:

| ਮੈਂਬਰ ਦੀ ਕਲਾਸ | ਖਾਲੀ ਹੋਏ ਪੱਦ ਦੀ ਗਿਣਤੀ |
|---|---|
| ਏ | 2 |
| ਬੀ | 1 |
| ਸੀ | 1 |

ਜੋ ਯੋਗ ਮੈਂਬਰ ਅਰਜ਼ੀ ਦੇਣ ਲਈ ਦਿਲਚਸਪੀ ਰਖੱਦੇ ਹਨ ਉਹ ਨਾਮਜ਼ਦਗੀ ਫਾਰਮ ਅਤੇ ਨਾਲ ਨੱਥੀ ਕਿਤੇ ਸਾਰੇ ਸੰਦਰਭਾਂ ਨੂੰ ਪੂਰੀ ਤਰ੍ਹਾਂ ਭਰ ਕੇ ਅਤੇ ਦਸਤਖਤ ਕਰ ਕੇ ਆਪਣੀ ਅਰਜ਼ੀ ਕੰਪਨੀ ਸੈਕਟਰੀ ਦੇ ਕੋਲ ਦਸਤੀ/ ਰਜਿਸਟਰਡ ਪੋਸਟ/ ਕੋਰਿਅਰ/ ਈ–ਮੇਲ ਰਾਹੀਂ ਮਿਤੀ 20.06.2024 ਨੂੰ ਜਾਂ ਉਸ ਤੋਂ ਪਹਿਲਾਂ ਜਮ੍ਹਾਂ ਕਰਵਾਉਣ।

ਨਾਮਜ਼ਦਗੀ ਫਾਰਮ ਨੂੰ ਨਿਜੀ ਤੌਰ ਤੇ ਕੰਪਨੀ ਦੇ ਰਜਿਸਟਰਡ ਆਫਿਸ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਨਾਮਜ਼ਦਗੀ ਫਾਰਮ ਨੂੰ ਕੰਪਨੀ ਦੀ ਵੈਬਸਾਈਟ ਦੇ https://www.baanimilk.com/forms/Nomination_Form.pdf ਲਿੰਕ ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ। ਪਰ ਇਹ ਧਿਆਨ ਦਵੋ ਕਿ ਉਪਰੋਕਤ ਫਾਰਮ ਕੰਪਨੀ ਦੀ ਵੈਬਸਾਇਟ ਤੋਂ ਡਾਊਨਲੋਡ ਕਰਨ ਤੋਂ ਬਾਅਦ ਸਬੰਧਤ ਮੈਂਬਰ ਹੇਠ ਦਰਸਾਏ ਮੋਬਾਇਲ ਨੰਬਰ ਤੇ ਸੰਪਰਕ ਕਰੇਗਾ ਤੇ ਆਪਣੇ ਨਾਮਜ਼ਦਗੀ ਫਾਰਮ ਦਾ ਵਿਲੱਖਣ ਨੰਬਰ (Unique Number) ਪ੍ਰਾਪਤ ਕਰੇਗਾ:

| **ਨਾਮ** | **ਪੱਦ** | **ਮੋਬਾਇਲ ਨੰ.** |
|---|---|---|
| ਰਾਜੇਸ਼ ਸੈਣੀ | ਕੰਪਨੀ ਸੱਕਤਰ | 8725024702 |

**ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਉਪਰੋਕਤ ਵਿਲੱਖਣ ਨੰਬਰ (Unique Number) ਮੈਂਬਰ ਆਪਣੇ ਨਾਮਜ਼ਦਗੀ ਫਾਰਮ ਦੇ ਸਭ ਤੋਂ ਉਪਰ ਲਿਖੇਗਾ ਅਤੇ ਇਸ ਦੀ ਗੈਰ ਮੌਜੂਦਗੀ ਤੇ ਨਾਮਜ਼ਦਗੀ ਫਾਰਮ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।** ਕਿਸੇ ਹੋਰ ਸਪਸ਼ਟੀਕਰਨ ਲਈ, ਕ੍ਰਿਪਾ ਕਰਕੇ ਕੰਪਨੀ ਸੱਕਤਰ ਨਾਲ ਉਪਰੋਕਤ ਦਰਸਾਏ ਟੈਲੀਫੋਨ ਨੰਬਰ/ ਮੋਬਾਇਲ ਨੰਬਰ ਤੇ ਸੰਪਰਕ ਕਰੋ।

ਬੋਰਡ ਦੁਆਰਾ ਫੈਸਲੇ ਲਏ ਜਾਣ ਤੇ ਕੰਪਨੀ ਦੇ ਮੈਂਬਰਾਂ ਨੂੰ ਕੰਪਨੀ ਐਕਟ ਦੇ ਪ੍ਰਬੰਧਾਂ ਅਨੁਸਾਰ ਕੰਪਨੀ ਦੀ 11ਵੀਂ ਸਲਾਨਾ ਆਮ ਸਭਾ ਵਿੱਚ ਬੁਲਾਉਣ ਦਾ ਨੋਟਿਸ ਸਾਰੇ ਜ਼ਰੂਰੀ ਦਸਤਾਵੇਜ਼ਾਂ ਨਾਲ ਭੇਜੀਆ ਜਾਵੇਗਾ।

ਬਾਣੀ ਮਿਲਕ ਪ੍ਰੋਡਿਊਸਰ ਕੰਪਨੀ ਲਿਮਟਿਡ ਦੇ
ਬੋਰਡ ਦੇ ਡਾਇਰੈਕਟਰਾਂ ਤੇ ਆਦੇਸ਼ ਅਨੁਸਾਰ
Sd/-
ਕੰਪਨੀ ਸੱਕਤਰ

ਮਿਤੀ: 03.06.2024
ਸਥਾਨ: ਪਟਿਆਲਾ

**ਨਾਮਜ਼ਦਗੀ ਫਾਰਮ ਭਰਨ ਸੰਬੰਧੀ ਜ਼ਰੂਰੀ ਨਿਯਮ ਅਤੇ ਸ਼ਰਤਾਂ:–**

1) ਬਾਣੀ ਕੰਪਨੀ ਦਾ ਮੈਂਬਰ ਹੀ ਅਰਜ਼ੀ ਧਾਰਕ ਹੋ ਸਕਦਾ ਹੈ। ਅਰਜ਼ੀ ਧਾਰਕ ਜਿਸ ਕਲਾਸ ਲਈ ਅਰਜ਼ੀ ਦੇ ਰਿਹਾ ਹੈ, ਉਹ ਉਸ ਕਲਾਸ ਵਿੱਚ ਪਿਛਲੇ 2 (ਦੋ) ਸਾਲ ਤੋਂ ਲਗਾਤਾਰ ਮੈਂਬਰ ਰਿਹਾ ਹੋਵੇ।
2) ਅਰਜ਼ੀ ਧਾਰਕ ਕੰਪਨੀ ਦੇ ਮੇਮੋਰੈਂਡਮ ਐਂਡ ਆਰਟਿਕਲ ਆਫ ਐਸੋਸ਼ਿਏਸ਼ਨ 9.6 (iii) ਅਤੇ 9.16 ਦੇ ਪ੍ਰਬੰਧਾ ਨੂੰ ਪੂਰਾ ਕਰਦਾ ਹੋਵੇ।
3) ਅਰਜ਼ੀ ਧਾਰਕ ਦੀ ਯੋਗਤਾ ਨੂੰ, ਘੱਟ ਤੋਂ ਘੱਟ 10 ਐਮ.ਪੀ.ਪੀ ਦੇ ਸੰਬੰਧਤ ਕਲਾਸ ਦੇ 25 ਮੈਂਬਰ, (ਜੋ 11ਵੀਂ ਸਲਾਨਾ ਆਮ ਸਭਾ ਵਿੱਚ ਵੋਟ ਕਰਨ ਲਈ ਯੋਗ ਹਨ) ਦੇ ਦੁਆਰਾ ਹੋਣੀ ਚਾਹਿਦੀ ਹੈ।
4) ਅਰਜ਼ੀ ਧਾਰਕ ਕੋਲ ਪੈਨ ਕਾਰਡ ਹੋਣਾ ਜ਼ਰੂਰੀ ਹੈ।
5) ਅਰਜ਼ੀ ਧਾਰਕ ਨੂੰ ਕੰਪਨੀ ਦੇ ਬੋਰਡ ਦੁਆਰਾ ਨਿਰਧਾਰਤ ਪੱਤਰ ਦੇ ਨਾਲ ਸਵੈ–ਘੋਸ਼ਣਾ ਦੇਣੀ ਹੋਵੇਗੀ। ਨਾਲ ਹੀ ਸਾਰੇ ਜ਼ਰੂਰੀ ਦਸਤਾਵੇਜ਼ (ਜਿਵੇਂ ਕਿ ਉਮਰ, ਵਿਦਿਅਕ ਯੋਗਤਾ, ਪਤਾ/ਪਹਿਚਾਨ ਪੱਤਰ, ਪੈਨ ਕਾਰਡ, ਸਰਟੀਫਿਕੇਟ ਦੀ ਕਾਪੀ ਆਦਿ) ਕੰਪਨੀ ਵਿੱਚ ਜਮ੍ਹਾਂ ਕਰਵਾਉਣੇ ਪੈਣਗੇ।
6) ਕੰਪਨੀ ਦੁਆਰਾ ਅਰਜ਼ੀ ਧਾਰਕ ਨੂੰ ਸੂਚਨਾ ਦੇਣ ਤੇ ਉਸ ਨੂੰ ਨਾਮਜ਼ਦਗੀ ਕਮੇਟੀ ਦੇ ਸਾਹਮਣੇ ਇੰਟਰਵਿਊ ਲਈ ਹਾਜ਼ਰ ਹੋਣਾ ਪਵੇਗਾ। ਉਮੀਦਵਾਰ ਦੀ ਇੰਟਰਵਿਊ ਕੰਪਨੀ ਵਿੱਚ ਉਸਨੂ ਬੁਲਾ ਕੇ/ ਵੀਡੀਓ ਕਾਨਫਰੰਸਿੰਗ ਰਾਹੀਂ/ ਹੋਰ ਆਡੀਓ ਵੀਡੀਓ ਸਾਧਨ ਰਾਹੀਂ ਕੀਤੀ ਜਾ ਸਕਦੀ ਹੈ।
7) ਅਰਜ਼ੀ ਧਾਰਕ ਆਪਣੀ ਨਾਮਜ਼ਦਗੀ ਮਿਤੀ 21.06.2024 ਨੂੰ ਜਾਂ ਉਸ ਤੋਂ ਪਹਿਲਾਂ ਵਾਪਸ ਲੈ ਸਕਦਾ/ਸਕਦੀ ਹੈ।